# ਕਾਲ ਸੈਂਟਰਾਂ ਵਿਚ ਕੰਮ ਕਰਨ ਵਾਲਿਆਂ ਦੇ 19ਵੀਂ ਸਦੀ ਵਰਗੇ ਭੈੜੇ ਹਾਲ

ਕਾਲ ਸੈਂਟਰਾਂ ਦੇ ਸਾਫ ਸੁਥਰੇ ਦਫ਼ਤਰ, ਆਧੁਨਿਕ ਤਕਨੌਲੀਜੀ ਅਤੇ ਆਮ ਮਜ਼ਦੂਰਾਂ ਨਾਲੋਂ ਵੱਧ ਤਨਖ਼ਾਹ ਆਦਿ, ਆਮ ਨੌਜੁਆਨਾ ਨੂੰ ਭੁਲੇਖਾ ਪਾਉਂਦੇ ਹਨ ਕਿ ਏਥੇ ਕੰਮ ਕਰ ਵਾਲੇ ਨੌਜੁਆਨ ਸ਼ਾਇਦ ਕੋਈ ਅਫਸਰਾਂ ਵਾਲਾ ਕੰਮ ਕਰ ਰਹੇ ਹਨ ਅਤੇ ਆਮ ਮਜ਼ਦੂਰਾਂ ਅਤੇ ਕਰਮਚਾਰੀਆਂ ਤੋਂ ਬਿਹਤਰ ਹਨ। ਏਥੇ ਕੰਮ ਕਰਨ ਵਾਲਿਆਂ ਨੂੰ ਸਿਖਿਆ ਦਿਤੀ ਜਾਂਦੀ ਹੈ ਕਿ ਇਨ੍ਹਾਂ ਥਾਂਵਾਂ ਤੇ ਕੰਮ ਕਰਨ ਵਿਚ ਬੜਾ ਅਨੰਦ ਅਤੇ ਮਜ਼ਾ ਹੈ, ਉਨ੍ਹਾਂ ਨੂੰ ਕੰਮ ਕਰਨ ਦਾ ਅਨੰਦ ਲੈਣਾ ਚਾਹੀਦਾ ਹੈ, ਉਹ ਆਪਣੇ ਮਨ ਚਾਹੇ ਕਪੜੇ ਪਾ ਕੇ ਕੰਮ ਤੇ ਆ ਸਕਦੇ ਹਨ ਅਤੇ ਉਨ੍ਹਾਂ ਦਾ ਹਾਲ ਹੋਰ ਸਾਰੇ ਕਾਮਿਆਂ ਨਾਲੋਂ ਬਿਹਤਰ ਹੈ। ਕੰਪਨੀ ਦੇ ਅਫਸਰ ਕਦੇ ਕਦੇ ਉਨ੍ਹਾਂ ਨੂੰ ਪਿਕਨਿਕਾਂ ਵਗੈਰਾ ਲਈ ਬਾਹਰ ਵੀ ਲੈ ਜਾਂਦੇ ਹਨ ਤੇ ਕਾਮਿਆਂ ਨੂੰ ਇਹ ਮਹਿਸੂਸ ਕਰਾਇਆ ਜਾਂਦਾ ਹੈ ਕਿ ਉਹ ਵੀ ਅਫਸਰਾਂ ਦੀ ਟੀਮ ਦਾ ਹੀ ਹਿੱਸਾ ਹਨ। ਕਾਲ ਸੈਂਟਰਾਂ ਵਿਚ ਕੰਮ ਕਰਨ ਵਾਲਿਆਂ ਇਨ੍ਹਾਂ ਨੌਜਵਾਨਾਂ ਵਿਚ ਪ੍ਰਚਾਰ ਕੀਤਾ ਜਾਂਦਾ ਹੈ ਕਿ ਮੈਨੇਜਰ ਅਤੇ ਟੀਮ ਲੀਡਰ ਉਨ੍ਹਾਂ ਦੇ ਹਿਤਾਂ ਦਾ ਖਿਆਲ ਰੱਖਣ ਵਾਲੇ ਹਨ ਅਤੇ ਯੂਨੀਅਨ ਨਾਲ ਉਨ੍ਹਾਂ ਦਾ ਕੋਈ ਫਾਇਦਾ ਨਹੀਂ ਹੋਣਾ। ਜੇ ਕੋਈ ਉਨ੍ਹਾਂ ਨੂੰ ਸ਼ਿਕਾਇਤ ਹੈ ਤਾਂ ਉਹ ਹਿਉਮਨ ਰਿਸੋਰਸਸ ਵਾਲਿਆਂ ਨੂੰ ਦੱਸਣ ਅਤੇ ਉਹ ਉਨ੍ਹਾਂ ਦੀ ਸ਼ਿਕਾਇਤ ਦੂਰ ਕਰਨ ਦੀ ਪੂਰੀ ਕੋਸ਼ਿਸ਼ ਕਰਨਗੇ। ਕਾਮਿਆਂ ਨੂੰ ਆਪਣੀ ਜਥੇਬੰਦੀ ਬਣਾਉਣ ਤੋਂ ਦੂਰ ਰੱਖ ਕੇ ਸਰਮਾਏਦਾਰ ਕਰਮਚਾਰੀਆਂ ਵਿਚ ਦੁਫੇੜ ਪਾਈ ਰਖਦੇ ਹਨ ਤਾਂ ਕਿ ਕਰਮਕਾਰੀ ਇਕੱਠੇ ਹੋਕੇ ਆਪਣੇ ਹਾਲਾਤ ਬਾਰੇ ਕੋਈ ਮੰਗ ਜਾਂ ਜੱਦੋ-ਜਹਿਦ ਕਰਨ ਦੇ ਰਾਹ ਨਾ ਪੈ ਜਾਣ।

ਵੀ.ਵੀ.ਗਿਰੀ ਲੇਬਰ ਇੰਸਟੀਟਿਉਟ ਨੇ ਹੁਣੇ ਜਿਹੇ ਸੰਚਾਰ ਅਤੇ ਕੰਪਿਊਟਰ ਦੇ ਖੇਤਰ ਵਿਚ ਕੰਮ ਵਾਲਿਆਂ ਬਾਰੇ ਇਕ ਖੋਜ ਕੀਤੀ ਹੈ ਅਤੇ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ ਕਿ ਭਾਵੇਂ ਇਨ੍ਹਾਂ ਕਾਲ ਸੈਂਟਰਾਂ ਅਤੇ ਸੰਚਾਰ ਦੇ ਕੰਮਾਂ ਦੀਆਂ ਇਮਾਰਤਾਂ ਬਥੇਰੀ ਚਮਕ ਦਮਕ ਵਾਲੀਆਂ ਹਨ ਪਰ ਏਥੇ ਕੰਮ ਕਰਨ ਵਾਲਿਆਂ ਨੌਜਵਾਨਾਂ ਦਾ ਹਾਲ 19 ਵੀਂ ਸਦੀ ਦੀਆਂ ਵਰਕਸ਼ਾਪਾਂ ਵਿਚ ਕੰਮ ਕਰਨ ਵਾਲਿਆਂ ਵਰਗਾ ਹੀ ਹੈ। ਕੰਪਿਊਟਰ, ਕੈਮਰਿਆਂ ਅਤੇ ਹੋਰ ਆਧੁਨਿਕ ਯੰਤਰਾਂ ਦੀ ਮਦਦ ਨਾਲ ਉਨ੍ਹਾਂ ਉਤੇ ਹਰ ਪਲ ਨਜ਼ਰ ਰੱਖੀ ਜਾਂਦੀ ਹੈ। ਕੰਮ ਕਰਨ ਵਾਲਿਆਂ ਦੀ ਹਰ ਹਰਕਤ ਰਿਕਾਰਡ ਕੀਤੀ ਜਾਂਦੀ ਹੈ ਜਿਸ ਨੂੰ ਵੱਡੇ ਅਫਸਰ ਅਤੇ ਮੈਨੇਜਰ ਵੇਖਦੇ ਹਨ। ਇਸ ਖੇਤਰ ਵਿਚ ਕੋਈ 3,50,000 ਦੇ ਲਗਭਗ ਨੌਜਵਾਨ ਕੰਮ ਕਰਦੇ ਹਨ। ਇਨ੍ਹਾਂ ਨੂੰ ਆਪਣੀ ਯੂਨੀਅਨ ਬਣਾਉਣ ਦਾ ਹੱਕ ਵੀ ਹਾਸਲ ਨਹੀਂ ਹੈ। ਇਨ੍ਹਾਂ ਨੌਜਵਾਨਾਂ ਨੂੰ ਤਾਂ ਉਹ ਬੁਨਿਆਦੀ ਹੱਕ ਵੀ ਨਹੀਂ ਹਨ ਹੋਰ ਜਿਹੜੇ ਖੇਤਰਾਂ ਵਿਚ ਕੰਮ ਕਰਨ ਵਾਲੇ ਹੋਰ ਮਜ਼ਦੂਰਾਂ ਨੇ ਆਪਣੀ ਜੱਦੋ-ਜਹਿਦ ਨਾਲ ਹਾਸਿਲ ਕੀਤੇ ਹਨ। ਉਨ੍ਹਾਂ ਨੂੰ ਕਿਸੇ ਵਕਤ ਵੀ ਨੌਕਰੀ ਤੋਂ ਕੱਢਿਆ ਜਾ ਸਕਦਾ ਹੈ।

ਸਾਮਰਾਜੀਆਂ ਅਤੇ ਸਰਮਾਏਦਾਰਾਂ ਦਾ ਇਹ ਬੜਾ ਪੁਰਾਣਾ ਹਥਿਆਰ ਹੈ ਕਿ ਇਹ ਮਜ਼ਦੂਰਾਂ ਵਿਚ ਦੁਫੇੜ ਅਤੇ ਮੁਕਾਬਲਾ ਕਰਾਉਣ ਦੀ ਭਰਪੂਰ ਕੋਸ਼ਿਸ਼ ਕਰਦੇ ਹਨ। ਕੰਪਨੀਆਂ ਦੇ ਅਫਸਰ ਅਤੇ ਮਾਹਿਰ ਕਾਮਿਆਂ ਨੂੰ ਸਲਾਹਾਂ ਦਿੰਦੇ ਹਨ ਕਿ ਉਹ ਇਕੱਲੇ ਇਕੱਲੇ ਮਜ਼ਦੂਰਾਂ ਨਾਲ ਮਿਲ ਕੇ ਉਨ੍ਹਾਂ ਦੇ ਮਸਲੇ ਹੱਲ ਕਰ ਸਕਦੇ ਹਨ। ਉਨ੍ਹਾਂ ਨੂੰ ਇਕੱਠੇ ਹੋਣ ਦੀ ਕੋਈ ਲੋੜ ਨਹੀ। ਕੰਪਨੀ ਹਮੇਸ਼ਾ ਉਨ੍ਹਾਂ ਦੇ ਭਲੇ ਅਤੇ ਬਿਹਤਰੀ ਲਈ ਹੀ ਸੋਚਦੀ ਹੈ। ਇਸ ਤਰ੍ਹਾਂ ਦੇ ਪ੍ਰਚਾਰ ਦੇ ਨਾਲ ਨਾਲ ਉਹ ਰਾਜ ਤੰਤਰ ਅਤੇ ਸਰਕਾਰ ਰਾਹੀਂ ਮਜ਼ਦੂਰਾਂ ਦੇ ਖਿਲਾਫ਼ ਕਾਨੂੰਨ ਵੀ ਬਣਾਉਂਦੇ ਹਨ ਜੋ ਉਨ੍ਹਾਂ ਦੇ ਬੁਨਿਆਦੀ ਹੱਕਾਂ ਤੇ ਸੱਟ ਮਾਰਦੇ ਹਨ। ਇਸ ਤਰ੍ਹਾਂ ਇਹ ਮਜ਼ਦੂਰਾਂ ਦੇ ਸਮੂਹਿਕ ਅਤੇ ਜ਼ਾਤੀ ਹੱਕਾਂ ਤੇ ਹਮਲਾ ਕਰਦੇ ਹਨ। ਇਹ ਹਮਲਾ ਹਾਕਮ ਜਮਾਤਾਂ ਦੇ ਸਮਾਜ ਖਿਲਾਫ਼ ਵਿੱਢੇ ਗਏ ਹਮਲੇ ਦਾ ਹੀ ਅਨਿਖੜਵਾਂ ਹਿੱਸਾ ਹੈ। ਹਿੰਦੁਸਤਾਨ ਦੀਆਂ ਹਾਕਮ ਜਮਾਤਾਂ, ਉਨ੍ਹਾਂ ਦਾ ਰਾਜ ਤੰਤਰ ਅਤੇ ਸਿਆਸੀ ਪਾਰਟੀਆਂ ਇਹੋ ਰੌਲਾ ਪਾਉਂਦੀਆਂ ਹਨ ਕਿ ਬਾਹਰਲੇ ਮੁਲਕਾਂ ਤੋਂ ਸਰਮਾਇਆ ਲਿਆਉਣ ਲਈ ਮਜ਼ਦੂਰਾਂ ਅਤੇ ਕਰਮਚਾਰੀਆਂ ਨੂੰ ਆਪਣੇ ਸੱਭ ਹੱਕ ਛੱਡ ਦੇਣੇ ਚਾਹੀਦੇ ਹਨ। ਉਨ੍ਹਾਂ ਨੂੰ ਉਹ ਹੱਕ ਵੀ, ਜੋ ਕਿ ਉਨ੍ਹਾਂ ਨੇ ਬਹੁਤ ਸੰਘਰਸ਼ ਅਤੇ ਜੱਦੋ-ਜਹਿਦ ਦੇ ਨਾਲ ਜਿੱਤੇ ਹਨ, ਛੱਡ ਦੇਣੇ ਚਾਹੀਦੇ ਹਨ। ਖ਼ਬਰਾਂ ਹਨ ਕਿ ਹੀ ਸੀ.ਪੀ.ਆਈ.(ਐਮ) ਦੇ ਪੋਲਿਟ ਬਿਉਰੋ ਦੀ ਇਕ ਹਾਲੀਆ ਮੀਟਿੰਗ ਵਿਚ ਇਸ ਮਸਲੇ ਤੇ ਕਾਫ਼ੀ ਚਰਚਾ ਹੋਈ।ਕਹਿੰਦੇ ਹਨ ਕਿ ਬੰਗਾਲ ਦਾ ਮੁੱਖ ਮੰਤਰੀ ਬੁਧਦੇਵ ਭੱਟਾਚਾਰੀਆ ਇਸ ਖੇਤਰ ਵਿਚ ਕਾਮਿਆਂ ਨੂੰ ਯੂਨੀਅਨ ਬਣਾਉਣ ਦੇ ਹੱਕ ਦੇਣ ਦੇ ਖ਼ਿਲਾਫ਼ ਸੀ। ਉਸ ਦੀ ਦਲੀਲ ਸੀ ਇਸ ਖੇਤਰ ਦੇ ਕਾਮਿਆਂ ਨੂੰ ਯੂਨੀਅਨ ਬਣਾਉਣ ਦਾ ਹੱਕ ਹੋਣ ਨਾਲ ਬਾਹਰਲੇ ਮੁਲਕਾਂ ਦੀਆਂ ਕੰਪਨੀਆਂ ਆਪਣਾ ਸਰਮਾਇਆ ਉਥੇ ਨਹੀਂ ਲਾਉਣਗੀਆਂ।

ਕਾਂਗਰਸ ਅਤੇ ਇਸ ਦੇ ਜੁੰਡੀਦਾਰਾਂ ਦੀ ਕੇਂਦਰੀ ਸਰਕਾਰ ਇਸ ਖੇਤਰ ਨੂੰ ਜ਼ਰੂਰੀ ਸੇਵਾਵਾਂ ਵਿਚ ਸ਼ਾਮਲ ਕਰਨ ਅਤੇ ਇਨ੍ਹਾਂ ਦਾ ਹੜਤਾਲ ਦਾ ਹੱਕ ਖ਼ਤਮ ਕਰਨ ਲਈ ਕਾਨੂੰਨ ਬਣਾਉਣ ਬਾਰੇ ਵੀ ਸੋਚ ਰਹੀ ਹੈ।
ਪਰ ਮਜ਼ਦੂਰ ਜਮਾਤ ਅਤੇ ਹੋਰ ਮਿਹਨਤਕਸ਼ ਲੋਕ ਇਸ ਝਾਂਸੇ ਵਿਚ ਨਹੀਂ ਆ ਸਕਦੇ। ਸਤੰਬਰ ਵਿਚ ਸਾਰੇ ਹਿੰਦੁਸਤਾਨ ਵਿਚ ਮਜ਼ਦੂਰਾਂ ਅਤੇ ਕਰਮਚਾਰੀਆਂ ਵਲੋਂ ਕੀਤੀ ਹੜਤਾਲ ਇਸ ਗੱਲ ਦੀ ਗਵਾਹ ਹੈ ਕਿ ਮਿਹਨਤਕਸ਼ ਲੋਕ ਆਪਣੇ ਹੱਕਾਂ ਦੀ ਰਾਖੀ ਲਈ ਪੁਰਜ਼ੋਰ ਸੰਘਰਸ਼ ਚਲਾਉਂਦੇ ਹੀ ਰਹਿਣਗੇ ਕਿਉਂਕਿ ਉਹ ਜਾਣਦੇ ਹਨ ਕਿ ਉਨ੍ਹਾਂ ਦਾ ਸੰਘਰਸ਼ ਅਤੇ ਏਕਾ ਹੀ ਉਨ੍ਹਾਂ ਦੀ ਮੁਕਤੀ ਦਾ ਰਾਹ ਹੈ।